ਵੱਲੋਂ

ਕਾਰਜਕਾਰੀ ਇੰਜੀਨੀਅਰ,

ਕੇਂਦਰੀ ਕਾਰਜ ਮੰਡਲ ਭ ਤੇ ਮ ਸ਼ਾਖਾ,

ਪਟਿਆਲਾ।

ਵੱਲ

ਗੁਰਮੁਖ ਸਿੰਘ ਪੁੱਤਰ ਸੰਤੋਖ ਸਿੰਘ ਢਿੱਲੋਂ

ਪਤਾ # 131 ਢਿੱਲੋਂ ਫਾਰਮ ਹਾਊਸ,

ਮਜੀਠਾ ਇਨਕਲੇਵ, ਐਕਸ, ਪਟਿਆਲਾ।

ਵਿਸ਼ਾ: **Revised Noc for road Access to 'Ajuba Marriage Palace of Ajuba Hotels & Residency Pvt Ltd" Abutting on Old NH-64 (62.568 Km (LHS)) & New ODR at 12.568 Km (LHS) at Village Hazi Majra, Hb No. 37, Tehsil & District Patiala.**

ਨੰਬਰ 1577 ਮਿਤੀ 30/08/19

ਹਵਾਲਾ: ਆਪ ਜੀ ਦਾ ਪੱਤਰ ਨੰਬਰ 1148 ਮਿਤੀ 15-06-2018 ਅਤੇ ਆਪ ਜੀ ਦਾ ਪੱਤਰ ਮਿਤੀ 25-07-2019 ਅਤੇ 19-08-2019

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਨਵੀਂ ODR ਦੇ ਸੈਕਸ਼ਨ ਬੱਸ ਸਟੈਂਡ ਪਟਿਆਲਾ ਤੋਂ ਪਟਿਆਲਾ ਬਾਈਪਾਸ (ਸੰਗਰੂਰ ਸਾਇਡ) ਦੇ ਕਿਲੋਮੀਟਰ 12.568 (ਖੱਬੇ ਪਾਸੇ) ਤੋਂ 10 ਮੀਟਰ ਚੌੜੇ ਰਸਤੇ ਸਮੇਤ 5 ਮੀਟਰ ਕਰਵ ਦੋਨਾਂ ਸਾਇਡ ਭਾਵ 20 ਮੀਟਰ ਚੌੜਾਈ ਸੜਕ ਦੇ ਨਾਲ ਤੇ 10 ਮੀਟਰ ਪੈਲੇਸ ਗੇਟ ਤੇ ਮਨਜ਼ੂਰ ਸ਼ੁਦਾ ਡਰਾਇੰਗ ਮੁਤਾਬਿਕ ਐਨ.ਓ.ਸੀ. ਹੇਠਾਂ ਲਿਖੀਆਂ ਸ਼ਰਤਾਂ ਸਹਿਤ ਜਾਰੀ ਕੀਤਾ ਜਾਂਦਾ ਹੈ ਅਤੇ ਬਣਦੀ ਰਕਮ ਜਮਾਂ ਕਰਵਾ ਲਈ ਗਈ ਹੈ।

1) ਫਰਮ ਇਸ ਸੜਕ ਤੋਂ ਅਸੈਸ ਲਈ ਆਈ.ਆਰ.ਸੀ./ਪੁਡਾ/ਲੋ.ਨਿ.ਵਿ.ਦੇ ਸਮੇਂ-ਸਮੇਂ ਜਾਰੀ ਹੋਣ ਵਾਲੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਰਹੇਗੀ।
2) ਫਰਮ/ਫੈਕਟਰੀ ਦੀ ਕੱਚੀ ਜਾਂ ਪੱਕੀ ਉਸਾਰੀ ਅਪਰੂਵਡ ਮਾਸਟਰ ਪਲੈਨ ਦੀਆਂ ਹਦਾਇਤਾਂ ਅਨੁਸਾਰ ਸੜਕ ਦੇ ਵਿਚਕਾਰ ਤੋਂ 35 ਮੀਟਰ ਜਾਂ 115 ਫੁੱਟ ਪਿੱਛੇ ਕਰੇਗੀ।
3) ਜੇਕਰ ਭਵਿੱਖ ਵਿਚ ਸੜਕ ਦੀ ਇਮਪਰੂਵਮੈਂਟ ਲਈ ਜਮੀਨ ਦੀ ਲੋੜ ਪੈਂਦੀ ਹੈ, ਤਾਂ ਫਰਮ ਚਾਰ ਦੀਵਾਰੀ/ਸਟੱਰਕਚਰ/ ਅਸੈਸ ਆਪਣੇ ਖਰਚੇ ਤੇ ਹਟਾਉਣਾ/ਪਿੱਛੇ ਕਰਨ ਲਈ ਪਾਬੰਦ ਹੋਵੇਗੀ ਅਤੇ ਇਸ ਦਾ ਕੋਈ ਵੀ ਕਲੇਮ ਵਿਭਾਗ ਤੋਂ ਨਹੀਂ ਕਰੇਗੀ।
4) ਸੜਕ ਨੂੰ ਪਾਣੀ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਫਰਮ ਅਸੈਸ ਦੀ ਉਸਾਰੀ ਕਰਨ ਸਮੇਂ ਬਰਮਾਂ ਦੇ ਨਾਲ ਨਾਲ ਪਾਣੀ ਦੇ ਨਿਕਾਸ ਲਈ 1 ਮੀਟਰ ਸਲੈਬ ਟਾਈਪ ਕਲਵਰਟ ਆਪਣੇ ਖਰਚੇ ਤੇ ਉਸਾਰਨ ਦਾ ਪਾਬੰਦ ਹੋਵੇਗੀ।
5) ਫਰਮ ਅਸੈਸ ਦੀ ਉਸਾਰੀ ਕਰਦੇ ਸਮੇਂ ਵਿਭਾਗੀ ਜਮੀਨ (ਸੜਕ/ਬਰਮਾਂ) ਆਦਿ ਤੋਂ ਕੋਈ ਮੈਟੀਰੀਅਲ ਕਚਰਾ, ਪਾਣੀ ਆਦਿ ਜਮਾਂ ਨਹੀਂ ਕਰੇਗੀ, ਜੇਕਰ ਇਸ ਉਸਾਰੀ ਸਮੇਂ ਸੜਕ ਨੂੰ ਕੋਈ ਨੁਕਸਾਨ ਹੁੰਦਾ ਹੈ, ਤਾਂ ਇਸ ਦਾ ਮੁਆਵਜ਼ਾ ਵਿਭਾਗ ਨੂੰ ਜਮਾਂ ਕਰਵਾਉਣ ਲਈ ਫਰਮ ਪਾਬੰਦ ਹੋਵੇਗੀ।

For Ajuba Hotels & Residency Pvt. Ltd.

Director

6) ਅਸੈਸ ਦੀ ਉਸਾਰੀ ਸਮੇਂ ਸੜਕ ਤੇ ਆਵਾਜਾਈ ਨੂੰ ਕੋਈ ਵਿਘਨ ਨਹੀਂ ਪੈਣ ਦਿੱਤਾ ਜਾਵੇਗਾ। ਜੇਕਰ ਉਸਾਰੀ ਕਰਦੇ ਸਮੇਂ ਫਰਮ ਦੀ ਅਣਗਹਿਲੀ ਕਾਰਨ ਸੜਕ ਤੇ ਕੋਈ ਮਾੜੀ ਘਟਨਾ ਵਾਪਰਦੀ ਹੈ, ਤਾਂ ਫਰਮ ਇਸ ਦੀ ਖੁਦ ਜਿੰਮੇਵਾਰ ਹੋਵੇਗੀ।

7) ਇਸ ਤੋਂ ਇਲਾਵਾ ਵਣ ਵਿਭਾਗ ਦੀ ਅਸੈਸ ਵਿਚ ਆਉਣ ਵਾਲੀ ਜਮੀਨ ਲਈ ਐਨ.ਓ.ਸੀ. ਵਣ ਵਿਭਾਗ ਤੋਂ ਵੱਖਰੇ ਤੌਰ ਤੇ ਪ੍ਰਾਪਤ ਕਰਨ ਲਈ ਫਰਮ ਪਾਬੰਦ ਹੋਵੇਗੀ।

8) ਜੇਕਰ ਫਰਮ ਵਲੋਂ ਵਿਭਾਗ ਨੂੰ ਜਮਾਂ ਕਰਵਾਈ ਗਈ ਰਾਸ਼ੀ ਤੋਂ ਇਲਾਵਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਰ ਕੋਈ ਰਾਸ਼ੀ ਜਮਾਂ ਕਰਵਾਉਣੀ ਬਣਦੀ ਹੋਵੇਗੀ, ਤਾਂ ਉਹ ਰਾਸ਼ੀ ਫਰਮ ਜਮਾਂ ਕਰਵਾਉਣ ਲਈ ਪਾਬੰਦ ਰਹੇਗੀ।

9) ਕਿਸੇ ਵੀ ਸਮੇਂ ਅਸੈਸ ਸਬੰਧੀ ਵਿਭਾਗੀ ਪੜਤਾਲ ਕਰਨ ਤੇ ਕੋਈ ਉਣਤਾਈ ਪਾਈ ਗਈ, ਤਾਂ ਵਿਭਾਗ ਬਿਨ੍ਹਾਂ ਕਿਸੇ ਨੋਟਿਸ ਦੇ ਐਨ.ਓ.ਸੀ. ਰੱਦ ਕਰਨ ਦਾ ਅਧਿਕਾਰ ਹੋਵੇਗਾ।

10) ਐਨ.ਓ.ਸੀ. ਜਾਰੀ ਹੋਣ ਉਪਰੰਤ ਅਸੈਸ ਦੀ ਉਸਾਰੀ ਦਾ ਕੰਮ ਕੇਂਦਰੀ ਕਾਰਜ ਮੰਡਲ ਭ ਤੇ ਮ ਸ਼ਾਖਾ/ ਸਾਈਟ ਇੰਚਾਰਜ ਦੀ ਦੇਖ-ਰੇਖ ਹੇਠ ਕਰਵਾਉਣ ਲਈ ਫਰਮ ਪਾਬੰਦ ਹੋਵੇਗੀ।

11) ਫਰਮ ਐਨ.ਓ.ਸੀ. ਲੈਣ ਲਈ ਕੇਸ ਨਾਲ ਨੱਥੀ ਕੀਤੇ ਹਲਫੀਆ ਬਿਆਨ ਦਸਤਾਵੇਜਾਂ ਵਿਚ ਸ਼ਪੱਸ਼ਟ ਕੀਤੇ ਵੇਰਵੇ ਨੂੰ ਮੰਨਣ ਲਈ ਪੱਕੇ ਤੌਰ ਤੇ ਪਾਬੰਦ ਰਹੇਗੀ।

12) ਫਰਮ ਮਾਸਟਰ ਪਲਾਨ, ਪਟਿਆਲਾ ਅਤੇ C.L.U. ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨ ਦੀ ਪਾਬੰਦ ਰਹੇਗੀ ਅਤੇ C.L.U. ਦੀ ਕਾਪੀ ਇਸ ਦਫਤਰ ਨੂੰ ਜਾਰੀ ਹੋਣ ਤੇ ਤੁਰੰਤ ਉਪਲੱਬਧ ਕਰਵਾਉਣ ਲਈ ਪਾਬੰਦ ਰਹੇਗੀ।

13) ਸੜਕ ਦੀ ਇੰਪਰੂਵਮੈਂਟ/ਵਾਈਡਨਿੰਗ ਹੋਣ ਤੇ ਜਾਂ ਸਰਕਾਰ ਦੀ ਕਿਸੇ ਵੀ ਪਾਲਿਸੀ ਅਨੁਸਾਰ ਇੰਡਸਟਰੀ ਲਈ ਅਸੈਸ ਸਰਵਿਸ ਰੋਡ ਦੁਆਰਾ ਦਿੱਤੇ ਜਾਣ ਦੀ ਤਜਵੀਜ ਹੋਂਦ ਵਿੱਚ ਆਉਂਦੀ ਹੈ, ਤਾਂ ਫਰਮ ਸਰਵਿਸ ਰੋਡ ਦੀ ਉਸਾਰੀ ਨਿਯਮਾਂ ਅਨੁਸਾਰ ਆਪਣੇ ਖਰਚ ਤੇ ਕਰਨ ਲਈ ਭਵਿੱਖ ਵਿਚ ਪਾਬੰਦ ਰਹੇਗੀ।

ਜੇਕਰ ਉਕਤ ਹਦਾਇਤਾਂ ਵਿਚੋਂ ਫਰਮ ਵਲੋਂ ਕਿਸੇ ਇੱਕ ਦੀ ਵੀ ਪਾਲਣਾ ਨਹੀਂ ਕੀਤੀ ਜਾਂਦੀ, ਤਾਂ ਐਨ.ਓ.ਸੀ. ਉਸੇ ਸਮੇਂ ਰੱਦ ਕਰ ਦਿੱਤਾ ਜਾਵੇਗਾ।

ਕਾਰਜਕਾਰੀ ਇੰਜੀਨੀਅਰ
ਕੇਂਦਰੀ ਕਾਰਜ ਮੰਡਲ ਭ ਤੇ ਮ ਸ਼ਾਖਾ,
ਪਟਿਆਲਾ।

ਪਿੱਠ ਅੰਕਣ ਨੰ ਮਿਤੀ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਸੈਂਟਰਲ ਵਰਕਸ ਸਬ ਡਵੀਜ਼ਨ ਸਰਹਿੰਦ ਐਟ ਪਟਿਆਲਾ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ
ਕੇਂਦਰੀ ਕਾਰਜ ਮੰਡਲ ਭ ਤੇ ਮ ਸ਼ਾਖਾ,
ਪਟਿਆਲਾ।

For Ajuba Hotels & Residency Pvt. Ltd.

Director